HDFC BANK
We understand your world

ਮੁੱਖ ਦਫ਼ਤਰ : ਐਚਡੀਐਫਸੀ ਬੈਂਕ ਹਾਊਸ, ਸੇਨਾਪਤੀ ਬਾਪਤ ਮਾਰਗ, ਲੋਅਰ ਪਰੇਲ (ਪੱਛਮ), ਮੁੰਬਈ-400 013

ਈ-ਨਿਲਾਮੀ ਵਿਕਰੀ ਸੂਚਨਾ

ਵਿਆਨਾ ਰਕਮ ਜਮ੍ਹਾਂ ਕਰਵਾਉਣ ਦੀ ਆਖਰੀ ਮਿਤੀ : 31.01.2017

ਅਚੱਲ ਸੰਪਤੀਆਂ ਦੇ ਵੇਰਵੇ

| | | | | | | | | |
|---|---|---|---|---|---|---|---|---|
| [illegible] ਕਰਜ਼ਾ ਖਾਤਾ ਨੰਬਰ : 13078470000019 ਅਤੇ 13078710000019 | [illegible] | Rs. 23,47,47,609.80<br>03.08.2016<br>ਕਬਜ਼ਾ 31.07.2016 [illegible] | ਡੀ-146, ਇੰਡਸਟ੍ਰੀਅਲ ਫੋਕਲ ਪੁਆਇੰਟ, ਫੇਜ਼-8, ਮੁਹਾਲੀ (ਪੰਜਾਬ), ਮਾਪ 2500 ਵਰਗ ਗਜ਼ | Rs. 4,25,00,000/-<br>Rs. 42,50,000/-<br>Rs. 1,00,000/- | 18.01.2017 2:00 PM to 3:00 PM | 02.02.2017 2.30 PM to 3.30 PM | 31.01.2017 upto 4.00 PM | ਸ੍ਰੀ ਸੰਜੇ ਸ਼ਰਮਾ [illegible] ਈ-ਮੇਲ sanjay.sharma@hdfcbank.com |

1. ਈ-ਨਿਲਾਮੀ ... https://www.bankeauctions.com ... FUNDS TO BE CLEARED-DOC SERV. ... support@bankeauctions.com ... www.bankeauctions.com ...

ਮਿਤੀ : 22.12.2016
ਸਥਾਨ : ਮੁਹਾਲੀ

ਅਧਿਕਾਰਤ ਅਧਿਕਾਰੀ
ਐਚਡੀਐਫਸੀ ਬੈਂਕ

---

HDFC BANK
We understand your world

# ਸੋਧ

ਕਿਰਪਾ ਕਰਕੇ ਪਲਾਟ ਨੰ. ਡੀ-146 ਇੰਡਸਟ੍ਰੀਅਲ ਫੋਕਲ ਪੁਆਇੰਟ, ਫੇਜ਼ 7, ਮੁਹਾਲੀ, ਪੰਜਾਬ ਵਾਲੀ ਸੰਪੱਤੀ ਦੀ ਨਿਲਾਮੀ ਦੇ ਸਬੰਧ ਵਿਚ ਦੀ ਪਾਇਨੀਅਰ ਅਤੇ ਚੜ੍ਹਦੀਕਲਾ ਵਿਚ ਪ੍ਰਕਾਸ਼ਿਤ ਅਚੱਲ ਸੰਪੱਤੀ ਦੀ ਵਿਕਰੀ ਬਾਰ ਈ-ਨਿਲਾਮੀ ਦੇ ਲਈ ਜਨਤਕ ਸੂਚਨਾ ਦਾ ਹਵਾਲਾ ਲਓ। ਕਰਜ਼ਦਾਰ ਅਤੇ ਗਿਰਵੀਕਾਰ ਦੇ ਨਾਮ ਨੂੰ ਮੈਸ. ਐਸ. ਈ. ਸੀ. ਐਲ. ਇੰਡਸਟ੍ਰੀਜ਼ ਪ੍ਰਾਈਵੇਟ ਲਿਮਟਿਡ ਵਜੋਂ ਪੜ੍ਹਿਆ ਜਾਵੇ। (ਤਤਕਾਲੀ ਮੈਸ. ਐਸਈਸੀਐਲ ਇੰਡਸਟ੍ਰੀ ਲਿਮਟਿਡ/ਪਹਿਲਾਂ ਮੈਸ. ਸਿੰਗਲਾ ਇੰਜੀਨੀਅਰਜ਼ ਐਂਡ ਕਾਂਟਰੈਕਟਰਜ਼ ਪ੍ਰਾਈਵੇਟ ਲਿਮਟਿਡ ਵਜੋਂ ਜਾਣੂੰ)

(ਅਧਿਕਾਰਤ ਅਧਿਕਾਰੀ)

**<u>ਸਰਫਾਇਸੀ ਐਕਟ 2002 ਦੇ ਅਧੀਨ ਨਿਮਨ ਦਰਸਾਈ ਸੂਚੀ ਵਿਚ ਵਧੇਰੇ ਵਿਸਥਾਰਿਤ ਵੇਰਵਿਆਂ ਵਾਲੀ ਅਚੱਲ ਸੰਪਤੀ ਦੀ ਵਿਕਰੀ ਲਈ ਈ-ਨਿਲਾਮੀ ਦੇ ਨਿਯਮ ਅਤੇ ਸ਼ਰਤਾਂ, ਜਿਸ ਦੀ ਈ-ਨਿਲਾਮੀ ਸੂਚਨਾ 22.12.2016 ਨੂੰ ਦੀ ਪਾਇਨੀਅਰ ਅਤੇ ਚੜ੍ਹਦੀਕਲਾ ਵਿਚ ਪ੍ਰਕਾਸ਼ਿਤ ਕੀਤੀ ਗਈ ਸੀ।</u>**

ਵਿਕਰੀ ਸੁਰੱਖਿਆ ਵਿਆਜ ਅਧਿਕਾਰਤਾ ਨਿਯਮਾਂਵਲੀ 2002 ਵਿਚ ਪ੍ਰਸਤਾਵਿਤ ਸ਼ਰਤਾਂ ਅਤੇ ਨਿਮਨਲਿਖਤ ਹੋਰ ਸ਼ਰਤਾਂ ਨਾਲ ਸਬੰਧਿਤ ਹੋਵੇਗੀ।

1. ਬੈਂਕ ਨੇ ਸਰਫਾਇਸੀ ਐਕਟ ਦੇ ਅਧੀਨ ਨਿਮਨ ਸੂਚੀ ਵਿਚ ਦਰਸਾਈ ਸੰਪਤੀ ਦਾ ਕਬਜ਼ਾ ਲੈ ਲਿਆ ਹੈ।
2. ਈ-ਨਿਲਾਮੀ "ਜਿਵੇਂ ਹੈ ਜਿਥੇ ਹੈ", "ਜਿਵੇਂ ਹੈ ਜੋ ਹੈ ਆਧਾਰ" ਅਤੇ "ਜੋ ਵੀ ਹੈ ਉਥੇ ਹੈ ਅਤੇ ਬਿਨਾਂ ਪਰਤਵੇਂ" ਆਧਾਰ 'ਤੇ ਆਯੋਜਿਤ ਕੀਤੀ ਜਾ ਰਹੀ ਹੈ।
3. ਸਬੰਧਿਤ ਅਧਿਕਾਰਤ ਅਧਿਕਾਰੀ ਦੇ ਸਰਵੋਤਮ ਗਿਆਨ ਅਤੇ ਜਾਣਕਾਰੀ ਵਿਚ ਕਿਸੇ ਵੀ ਸੰਪਤੀ 'ਤੇ ਕੋਈ ਦੇਣਦਾਰੀ ਨਹੀਂ ਹੈ। ਫਿਰ ਵੀ, ਇਛੁੱਕ ਬੋਲੀਕਾਰਾਂ ਨੂੰ
   ਨਿਲਾਮੀ 'ਤੇ ਪਾਈ ਸੰਪਤੀ/ਆਂ ਦੀ ਮਾਲਕੀ, ਦੇਣਦਾਰੀਆਂ ਅਤੇ ਸੰਪਤੀ ਨੂੰ ਪ੍ਰਭਾਵਿਤ ਕਰਨ ਵਾਲੇ ਦਾਅਵੇ/ਅਧਿਕਾਰ/ਬਕਾਇਆਂ ਬਾਰੇ ਆਪਣੀ ਬੋਲੀ ਪੇਸ਼ ਕਰਨ ਤੋਂ ਪਹਿਲਾਂ ਆਪਣੀ ਸੁਤੰਤਰ ਜਾਂਚ ਕਰ ਲੈਣੀ ਚਾਹੀਦੀ ਹੈ।ਈ-ਨਿਲਾਮੀ ਇਸ਼ਤਿਹਾਰ ਬੈਂਕ ਦੀ ਕੋਈ ਵੀ ਵਚਨਬੱਧਤਾ ਜਾਂ ਕੋਈ ਵੀ ਪ੍ਰਤੀਨਿਧਤਾ ਨੂੰ ਨਹੀਂ ਦਰਸਾਉਂਦਾ ਅਤੇ ਨਾ ਹੀ ਦਰਸਾਵੇਗਾ। ਸੰਪਤੀ ਬੈਂਕ ਨੂੰ ਜਾਣੂੰ ਅਤੇ ਅਣਜਾਣ ਸਾਰੀਆਂ ਮੌਜੂਦਾ ਅਤੇ ਭਾਵੀ ਦੇਣਦਾਰੀਆਂ ਸਮੇਤ ਵੇਚੀ ਜਾ ਰਹੀ ਹੈ। ਸਬੰਧਿਤ ਅਧਿਕਾਰਤ ਅਧਿਕਾਰੀ/ਸੁਰੱਖਿਅਤ ਕਰਜ਼ਦਾਤਾ ਕਿਸੇ ਵੀ ਤੀਜੀ ਧਿਰ ਦੇ ਦਾਅਵੇ/ਅਧਿਕਾਰਾਂ/ਬਕਾਇਆਂ ਲਈ ਕਿਸੇ ਵੀ ਢੰਗ ਨਾਲ ਜਵਾਬਦੇਹ ਨਹੀਂ ਹੋਵੇਗਾ।
4. ਇਹ ਬੋਲੀਕਾਰਾਂ ਦੀ ਜ਼ਿੰਮੇਵਾਰੀ ਹੋਵੇਗੀ ਕਿ ਬੋਲੀ ਪੇਸ਼ ਕਰਨ ਤੋਂ ਪਹਿਲਾਂ ਸੰਪਤੀ ਅਤੇ ਸਪੇਸੀਫਿਕੇਸ਼ਨ ਬਾਰੇ ਆਪਣੀ ਜਾਂਚ ਅਤੇ ਤਸੱਲੀ ਕਰ ਲੈਣ। ਨਿਲਾਮੀ 'ਤੇ ਪਾਈ ਸੰਪਤੀ/ਆਂ ਦੀ ਜਾਂਚ ਲਈ ਹਰੇਕ ਸੰਪਤੀ ਦੇ ਵੇਰਵਿਆਂ ਅਧੀਨ ਦਰਸਾਏ ਅਨੁਸਾਰ ਸਾਈਟਾਂ 'ਤੇ ਇਛੁੱਕ ਬੋਲੀਕਾਰਾਂ ਨੂੰ ਆਗਿਆ ਦਿੱਤੀ ਜਾਵੇਗੀ।
5. ਇਛੁੱਕ ਬੋਲੀਕਾਰਾਂ ਨੂੰ ਲਾਗਇਨ ਆਈਡੀ ਅਤੇ ਪਾਸਵਰਡ ਦੁਆਰਾ ਵੈਬ ਪੋਰਟਲ : <u>https://www.bankeauctions.com</u> (ਯੂਜ਼ਰ ਆਈਡੀ ਅਤੇ ਪਾਸਵਰਡ <u>https://www.bankeauctions.com</u> 'ਤੇ ਨਾਮ ਦੇ ਪੰਜੀਕਰਨ ਦੁਆਰਾ ਮੁਫਤ ਵਿਚ ਹਾਸਲ ਕੀਤੇ ਜਾ ਸਕਦੇ ਹਨ) ਰਾਹੀਂ ਆਪਣੇ ਦਸਤਾਵੇਜ਼ ਪੇਸ਼ ਕਰਨੇ ਹੋਣਗੇ।
   ਬਿਆਨਾ ਰਕਮ 31.01.2017 ਨੂੰ ਸ਼ਾਮ 4.00 ਵਜੇ ਤੱਕ ਜਾਂ ਪਹਿਲਾਂ ਐਚਡੀਐਫ ਸੀ ਬੈਂਕ ਲਿਮ. ਖਾਤਾ ਨੰਬਰ 02400930000063 ਦੇ ਪੱਖ ਵਿਚ ਜਾਰੀ ਡਿਮਾਂਡ ਡਰਾਫਟ ਰਾਹੀਂ ਅੱਗੇ ਲਿਖੇ ਖਾਤੇ : 02400930000063 ਵਿਚ ਐਨਈਐਫਟੀ /ਆਰਟੀਜੀਐਸ ਦੁਆਰਾ ਅਦਾਇਗੀਯੋਗ ਹੋਵੇਗੀ, ਖਾਤੇ ਦਾ ਨਾਮ : FUNDS TO BE CLEARED - DOC SERV, ਲਾਭਪਾਤਰੀ ਦਾ ਨਾਮ : ਐਚਡੀਐਫਸੀ ਬੈਂਕ ਲਿਮ., ਆਈਐਫਐਸਸੀ ਕੋਡ : ਐਚਡੀਐਫਸੀ0000240 ਜਾਂ 31.01.2017 , ਐਨਈਐਫਟੀ/ਆਰਟੀਜੀਐਸ ਕੇਵਲ ਇਛੁੱਕ ਬੋਲੀਕਾਰਾਂ ਦੇ ਖਾਤੇ ਤੋਂ ਹੀ ਕੀਤਾ ਜਾਵੇਗਾ ਅਤੇ ਜਿਸ ਦੇ ਵੇਰਵੇ ਵੈਬਪੋਰਟਲ ਵਿਚ ਦਰਸਾਏ ਜਾਣਗੇ। ਐਚਡੀਐਫਸੀ ਬੈਂਕ ਲਿਮਟਿਡ ਦੇ ਪੱਖ ਵਿਚ ਜਾਰੀ ਡੀਡੀ/ਭੁਗਤਾਨ ਆਦੇਸ਼ ਬੋਲੀ ਵਿਚ ਭਾਗ ਲੈਣ ਦੇ ਪੱਤਰ ਸਮੇਤ ਕਿਸੇ ਵੀ ਸੂਚੀਬੱਧ ਵਪਾਰਕ ਬੈਂਕ 'ਤੇ ਜਾਰੀ ਨਵੀਂ ਦਿੱਲੀ ਵਿਖੇ ਅਦਾਇਗੀਯੋਗ ਹੋਵੇ ਜੋ ਕਿ ਐਚਡੀਐਫਸੀ ਬੈਂਕ ਲਿਮਟਿਡ ਦੇ ਵਿਸ਼ੇਸ਼ ਆਪਰੇਸ਼ਨ ਵਿਭਾਗ, ਦੂਜੀ ਮੰਜ਼ਿਲ, ਇੰਡੀਅਨ ਐਕਸਪ੍ਰੈਸ ਬਿਲਡਿੰਗ, ਬਹਾਦੁਰ ਸ਼ਾਹ ਜ਼ਫਰ ਮਾਰਗ, ਨਵੀਂ ਦਿੱਲੀ-110002 ਵਿਖੇ 31.01.2017 ਨੂੰ 16.00 ਵਜੇ/ਪਹਿਲਾਂ ਅਧਿਕਾਰਤ ਅਧਿਕਾਰੀ, ਸ੍ਰੀ ਸੰਜੇ ਸ਼ਰਮਾ ਕੋਲ ਪਹੁੰਚ ਜਾਣ।
6. ਵੈਬ ਪੋਰਟਲ ਵਿਚ ਬੋਲੀਕਾਰ ਵੱਲੋਂ ਪੰਜੀਕਰਨ (ਇਕ ਵਾਰ) ਉਪਰੰਤ ਇਛੁੱਕ ਬੋਲੀਕਾਰ/ਖਰੀਦਦਾਰ ਨੂੰ ਬੋਲੀ ਦਸਤਾਵੇਜ਼ਾਂ ਨੂੰ ਜਮ੍ਹਾਂ ਕਰਨ ਦੀ ਆਖਰੀ ਮਿਤੀ ਅਤੇ ਸਮੇਂ ਤੋਂ ਪਹਿਲਾਂ ਵੈਬ ਪੋਰਟਲ ਵਿਚ ਅਪਲੋਡ ਕੀਤੇ ਨਿਮਨਲਿਖਤ ਦਸਤਾਵੇਜ਼ਾਂ ਦੇ ਉਤਾਰਿਆਂ ਨੂੰ ਪ੍ਰਾਪਤ ਕਰਨਾ ਹੋਵੇਗਾ ਜਿਵੇਂ ਕਿ ੧) ਭਾਗੀਦਾਰੀ ਪੱਤਰ ਸਮੇਤ ਐਨਈਐਫਟੀ/ਆਰਟੀਜੀਐਸ ਚਲਾਨ ਦਾ ਉਤਾਰਾ ਜਾਂ ਡਿਮਾਂਡ ਡਰਾਫਟ ਦਾ ਉਤਾਰਾ ; ੧੧) ਪੈਨ ਕਾਰਡ ਦਾ ਉਤਾਰਾ; ੧੧੧) ਪਛਾਣ ਦਾ ਸਬੂਤ/ਪਤੇ ਦਾ ਸਬੂਤ (ਕੇਵਾਈਸੀ) ਜਿਵੇਂ ਕਿ ਵੋਟਰ ਕਾਰਡ/ਡਰਾਈਵਿੰਗ ਲਾਇਸੈਂਸ/ਪਾਸਪੋਰਟ/ਰਾਸ਼ਨ ਕਾਰਡ ਆਦਿ ਦਾ ਸਵੈ-ਤਸਦੀਕਸ਼ੁਦਾ ਉਤਾਰਾ; ਜਿਸ ਤੋਂ ਬਿਨਾਂ ਬੋਲੀ ਰੱਦ ਕਰ ਦਿੱਤੀ ਜਾਵੇਗੀ। ਪੂਰੀ ਤਰ੍ਹਾਂ ਭਰਨ ਅਤੇ ਸਹੀਬੱਧ ਕਰਨ ਉਪਰੰਤ ਅਨੁਲਗ-2 ਅਤੇ 3 (ਵੈਬ ਪੋਰਟਲ : <u>https://www.bankeauctions.com</u> ਤੋਂ ਡਾਊਨਲੋਡ ਕੀਤਾ ਜਾ ਸਕਦਾ ਹੈ) ਦਾ ਸਕੈਨ ਕੀਤਾ ਉਤਾਰਾ ਵੀ ਅਪਲੋਡ ਕਰਨਾ ਲੋੜੀਂਦਾ ਹੈ।
7. ਇਛੁੱਕ ਬੋਲੀਕਾਰ ਜੋ ਲਾਗਇਨ ਆਈ ਡੀ. ਅਤੇ ਪਾਸਵਰਡ ਦੇ ਨਿਰਮਾਣ, ਡਾਟਾ ਅਪਲੋਡ ਕਰਨ, ਬੋਲੀ ਪੇਸ਼ ਕਰਨ, ਈ-ਬੋਲੀ ਪ੍ਰਕਿਰਿਆ ਅਤੇ ਸਿਖਲਾਈ ਆਦਿ ਵਿਚ ਸਹਾਇਤਾ ਚਾਹੁੰਦੇ ਹਨ ਉਹ ਕੰਮ ਵਾਲੇ ਦਿਨਾਂ ਨੂੰ ਦਫਤਰੀ ਘੰਟਿਆਂ ਦੌਰਾਨ (ਸਵੇਰੇ 10 ਤੋਂ ਸ਼ਾਮ 5 ਤੱਕ) **ਮੈਸ. ਸੀ1 ਇੰਡੀਆ ਪ੍ਰਾਈਵੇਟ ਲਿਮਿਟਡ, ਪਲਾਟ ਨੰਬਰ 301, ਗਲਫ ਪੈਟਰੋ ਕੈਮ ਬਿਲਡਿੰਗ, ਉਦਯੋਗ ਵਿਹਾਰ, ਫੇਜ਼ 2, ਗੁੜਗਾਓਂ ਹੈਲਪਲਾਈਨ ਨੰਬਰ : 0124-4302020/21/22/23/24, ਸ੍ਰੀ ਕੰਵਰਜੀਤ ਮੋਬਾਇਲ : 7291981124/1125/1126,** ਹੈਲਪਲਾਈਨ ਈ-ਮੇਲ ਆਈਡੀ : <u>support@bankeauctions.com</u> ਨੂੰ ਸੰਪਰਕ ਕਰ ਸਕਦੇ ਹਨ ਅਤੇ ਕਿਸੇ। ਵੀ ਸੰਪਤੀ ਸਬੰਧੀ ਪੁਛਗਿਛ ਦੇ ਲਈ **ਸ੍ਰੀ ਸੰਜੇ ਸ਼ਰਮਾ (ਅਧਿਕਾਰਤ ਅਧਿਕਾਰੀ) ; ਮੋਬਾਇਲ ਨੰਬਰ : 9313988841; ਈ-ਮੇਲ ਆਈ ਡੀ :** <u>sanjay.sharma@hdfcbank.com</u> 'ਤੇ ਸੰਪਰਕ ਕਰ ਸਕਦੇ ਹਨ।
8. ਕੇਵਲ ਜਾਇਜ਼ ਯੂਜ਼ਰ ਆਈਡੀ/ਪਾਸਵਰਡ ਧਾਰਕ ਖਰੀਦਦਾਰ ਅਤੇ ਐਨਈਐਫ ਟੀ/ਆਰਟੀਜੀਐਸ ਦੇ ਭੁਗਤਾਨ ਦੀ ਪੁਸ਼ਟੀ ਵਾਲੇ ਹੀ ਈ-ਨਿਲਾਮੀ ਪ੍ਰਕਿਰਿਆ ਵਿਚ ਭਾਗ ਲੈਣ ਲਈ ਪਾਤਰ ਹੋਣਗੇ।
9. ਇਛੁੱਕ ਬੋਲੀਕਾਰਾਂ ਨੂੰ ਪੰਜੀਕਰਨ ਪ੍ਰਕਿਰਿਆ (ਇਕ ਵਾਰ) ਵਿਚੋਂ ਲੰਘਣ ਅਤੇ ਆਪਣੇ ਯੂਜ਼ਰ ਆਈਡੀ ਅਤੇ ਪਾਸਵਰਡ ਨੂੰ ਸੰਚਾਲਿਤ ਕਰਨ ਉਪਰੰਤ 31.01.2016 ਨੂੰ ਸ਼ਾਮ 4.00 ਵਜੇ ਤੱਕ/ਪਹਿਲਾਂ ਆਪਣੇ ਬੋਲੀ ਦਸਤਾਵੇਜ਼ (ਬਿਆਨਾ ਰਕਮ (ਰਾਖਵੀਂ ਕੀਮਤ ਦੇ 10 ਫੀਸਦੀ ਤੋਂ ਘੱਟ ਨਹੀਂ)) ਅਤੇ ਲੋੜੀਂਦੇ ਦਸਤਾਵੇਜ਼ (ਨੁਕਤਾ ਨੰਬਰ 6 ਵਿਚ ਦਰਸਾਏ) ਪੇਸ਼ ਕਰਨੇ ਹੋਣਗੇ, ਉਹ ਈ-ਨਿਲਾਮੀ ਪ੍ਰਕਿਰਿਆ ਵਿਚ ਭਾਗ ਲੈਣ ਲਈ ਪਾਤਰ ਹੋਣਗੇ, ਜਿਸ ਨੂੰ ਸਬੰਧਿਤ ਅਧਿਕਾਰਤ ਅਧਿਕਾਰੀ ਦੀ ਪੂਰਨ ਤਸਦੀਕ (ਦਸਤਾਵੇਜ਼ਾਂ ਦੀ) ਅਤੇ/ਜਾਂ ਪ੍ਰਵਾਨਗੀ ਲੈਣੀ ਹੋਵੇਗੀ।
10. ਬੋਲੀਕਾਰਾਂ ਨੂੰ ਇਕ ਵਾਰ ਬਿਆਨਾ ਰਕਮ ਜਮਾਂ ਕਰਨ ਤੋਂ ਬਾਅਦ ਆਪਣੀਆਂ ਬੋਲੀਆਂ ਵਾਪਸ ਲੈਣ ਦੀ ਆਗਿਆ ਨਹੀਂ ਹੋਵੇਗੀ। ਬੋਲੀਕਾਰਾਂ ਵੱਲੋਂ ਨਿਲਾਮੀ ਵਿਚ ਗੈਰ ਭਾਗੀਦਾਰੀ ਦੀ ਸੂਰਤ ਵਿਚ ਬਿਆਨਾ ਰਕਮ ਜ਼ਬਤ ਕਰ ਲਈ ਜਾਵੇਗੀ।

11. ਆਨਲਾਈਨ ਪ੍ਰਮਾਣ ਬੋਲੀ ਦੌਰਾਨ, ਬੋਲੀਕਾਰ 'ਬੋਲੀ ਵਾਧਾ ਰਕਮ' (ਉਕਤ ਦਰਸਾਈ) ਦੇ ਅਨੁਸਾਰ ਜਾਂ ਇਸ ਦੇ ਗੁਣਾਂਕ ਵਿਚ ਆਪਣੀ ਬੋਲੀ ਵਿਚ ਸੁਧਾਰ ਕਰ ਸਕਦੇ ਹਨ ਅਤੇ ਈ-ਨਿਲਾਮੀ ਦਾ ਸਮਾਂ ਖਤਮ ਹੋਣ ਦੇ ਆਖਰੀ ਪੰਜ ਮਿੰਟਾਂ ਦੌਰਾਨ ਬੋਲੀ ਦਿੱਤੇ ਜਾਣ ਦੀ ਸੂਰਤ ਵਿਚ ਬੰਦ ਹੋਣ ਦਾ ਸਮਾਂ ਆਪਣੇ ਆਪ 5 ਮਿੰਟਾਂ ਲਈ (ਈ-ਨਿਲਾਮੀ ਪ੍ਰਕਿਰਿਆ ਦੇ ਬੰਦ ਹੋਣ ਤੱਕ ਹਰ ਵਾਰ) ਵਧਾ ਦਿੱਤਾ ਜਾਵੇਗਾ, ਨਹੀਂ ਤਾਂ, ਇਹ ਆਪਣੇ ਆਪ ਬੰਦ ਹੋ ਜਾਵੇਗੀ। ਬੋਲੀਕਾਰ ਜੋ ਈ-ਨਿਲਾਮੀ ਪ੍ਰਕਿਰਿਆ ਦੇ ਬੰਦ ਹੋਣ 'ਤੇ ਸਭ ਤੋਂ ਉੱਚੀ ਬੋਲੀ ਰਕਮ (ਰਾਖਵੀਂ ਕੀਮਤ ਤੋਂ ਘੱਟ ਨਹੀਂ) ਪੇਸ਼ ਕਰੇਗਾ, ਉਸ ਨੂੰ ਲੋੜੀਂਦੀ ਤਸਦੀਕ ਉਪਰੰਤ ਸਬੰਧਤ ਅਧਿਕਾਰਤ ਅਧਿਕਾਰੀ/ ਸੁਰੱਖਿਅਤ ਕਰਜ਼ਦਾਤਾ ਵੱਲੋਂ ਸਫਲ ਬੋਲੀਕਾਰ ਵਜੋਂ ਐਲਾਨਿਆ ਜਾਵੇਗਾ।

12. ਸਫਲ ਬੋਲੀਕਾਰ ਦੀ ਬਿਆਨਾ ਰਕਮ ਜਮ੍ਹਾਂ (ਈਐਮਡੀ) ਵਿਕਰੀ ਪ੍ਰਕਿਰਿਆ ਦੇ ਹਿੱਸੇ ਵਜੋਂ ਰੋਕ ਲਈ ਜਾਵੇਗੀ ਅਤੇ ਗੈਰ ਸਫਲ ਬੋਲੀਕਾਰਾਂ ਦੀ ਈਐਮਡੀ ਮੋੜ ਦਿੱਤੀ ਜਾਵੇਗੀ। ਬਿਆਨਾ ਰਕਮ ਜਮ੍ਹਾਂ 'ਤੇ ਕੋਈ ਵਿਆਜ ਨਹੀਂ ਲੱਗੇਗਾ। ਸਫਲ ਬੋਲੀਕਾਰ ਨੂੰ ਸਬੰਧਤ ਅਧਿਕਾਰਤ ਅਧਿਕਾਰੀ ਵੱਲੋਂ ਬੋਲੀ ਕੀਮਤ ਦੀ ਪ੍ਰਵਾਨਗੀ ਤੋਂ ਬਾਅਦ ਤੁਰੰਤ ਪਹਿਲਾਂ ਅਦਾ ਕੀਤੀ ਬਿਆਨਾ ਰਕਮ ਨੂੰ ਸਮਾਯੋਜਿਤ ਕਰਦੇ ਹੋਏ ਵਿਕਰੀ ਕੀਮਤ ਦਾ 25 ਫੀਸਦੀ ਜਮ੍ਹਾਂ ਕਰਨਾ ਹੋਵੇਗਾ ਅਤੇ ਵਿਕਰੀ ਕੀਮਤ ਦਾ ਬਕਾਇਆ 75 ਫੀਸਦੀ ਵਿਕਰੀ ਦੇ 15ਵੇਂ ਦਿਨ ਨੂੰ ਜਾਂ ਪਹਿਲਾਂ ਜਾਂ ਸਬੰਧਤ ਅਧਿਕਾਰਤ ਅਧਿਕਾਰੀ ਦੀ ਮਰਜ਼ੀ 'ਤੇ ਅਤੇ ਉਨ੍ਹਾਂ ਵੱਲੋਂ ਲਿਖਤ ਵਿਚ ਦਿੱਤੀ ਸਹਿਮਤੀ ਅਨੁਸਾਰ ਅਜਿਹੀ ਵਧਾਈ ਗਈ ਮਿਆਦ ਦੇ ਅੰਦਰ ਜਮ੍ਹਾਂ ਕਰਨੀ ਹੋਵੇਗੀ। ਸਫਲ ਬੋਲੀਕਾਰ ਵੱਲੋਂ ਭੁਗਤਾਨ ਵਿਚ ਕੁਤਾਹੀ ਹੋਣ ਦੀ ਸੂਰਤ ਵਿਚ ਉਸ ਵੱਲੋਂ ਪਹਿਲਾਂ ਜਮ੍ਹਾਂ ਕਰਵਾਈ ਪੇਸ਼ਗੀ ਰਕਮ ਜ਼ਬਤ ਕਰ ਲਈ ਜਾਵੇਗੀ ਅਤੇ ਸੰਪਤੀ ਨੂੰ ਪੁਨਰ-ਨਿਲਾਮੀ 'ਤੇ ਪਾ ਦਿੱਤਾ ਜਾਵੇਗਾ ਅਤੇ ਦੋਸ਼ੀ ਕਰਜ਼ਦਾਰ ਦਾ ਸੰਪਤੀ/ਰਕਮ ਦੇ ਸਬੰਧ ਵਿਚ ਕੋਈ ਦਾਅਵਾ/ਅਧਿਕਾਰ ਨਹੀਂ ਹੋਵੇਗਾ।

13. ਕਿਉਂਕਿ ਯੋਗ ਬੋਲੀਕਾਰ ਈ-ਨਿਲਾਮੀ ਦੀ ਮਿਤੀ ਤੋਂ ਪਹਿਲਾਂ ਮੈਸ. ਸੀ1 ਇੰਡੀਆ ਪ੍ਰਾਈਵੇਟ ਲਿਮਟਿਡ ਤੋਂ ਈ-ਨਿਲਾਮੀ 'ਤੇ ਸਿਖਲਾਈ ਹਾਸਲ ਕਰ ਸਕਦੇ ਹਨ। ਨਾ ਤਾਂ ਸਬੰਧਤ ਅਧਿਕਾਰਤ ਅਧਿਕਾਰੀ/ਬੈਂਕ, ਨਾ ਹੀ ਮੈਸ. ਸੀ1 ਇੰਡੀਆ ਪ੍ਰਾਈਵੇਟ ਲਿਮਟਿਡ ਕਿਸੇ ਵੀ ਇੰਟਰਨੈੱਟ ਨੈੱਟਵਰਕ ਦੀ ਸਮੱਸਿਆ ਲਈ ਜਵਾਬਦੇਹ ਹੋਣਗੇ ਅਤੇ ਇਸ ਲਈ ਬੋਲੀਕਾਰਾਂ ਨੂੰ ਇਹ ਯਕੀਨੀ ਬਣਾਉਣਾ ਹੋਵੇਗਾ ਕਿ ਉਹ ਈ-ਨਿਲਾਮੀ ਸਮਾਗਮ ਵਿਚ ਭਾਗ ਲੈਣ ਲਈ ਤਕਨੀਕੀ ਤੌਰ 'ਤੇ ਚੰਗੀ ਤਰ੍ਹਾਂ ਸਾਧਨ ਸੰਪੰਨ ਹਨ।

14. ਸਬੰਧਤ ਅਧਿਕਾਰਤ ਅਧਿਕਾਰੀ ਸਭ ਤੋਂ ਉੱਚੀ ਪੇਸ਼ਕਸ਼ ਨੂੰ ਪ੍ਰਵਾਨ ਕਰਨ ਲਈ ਪਾਬੰਦ ਨਹੀਂ ਹੈ ਅਤੇ ਸਬੰਧਤ ਅਧਿਕਾਰਤ ਅਧਿਕਾਰੀ ਕੋਲ ਬਿਨਾਂ ਕੋਈ ਵੀ ਕਾਰਨ ਦੱਸੇ ਈ-ਨਿਲਾਮੀ ਦੀਆਂ ਕਿਸੇ ਵੀ ਜਾਂ ਸਾਰੀਆਂ ਪੇਸ਼ਕਸ਼ (ਾਂ) ਨੂੰ ਪ੍ਰਵਾਨ ਜਾਂ ਰੱਦ ਕਰਨ ਜਾਂ ਮੁਲਤਵੀ/ ਮੁਅੱਤਲ/ਖਾਰਜ ਕਰਨ ਦਾ ਪੂਰਨ ਅਧਿਕਾਰ ਹੈ।

15. ਬੋਲੀਕਾਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਆਪਣੀਆਂ ਬੋਲੀਆਂ ਪੇਸ਼ ਕਰਨ ਅਤੇ ਈ-ਨਿਲਾਮੀ ਵਿਚ ਭਾਗ ਲੈਣ ਤੋਂ ਪਹਿਲਾਂ ਮੈਸ. ਸੀ1 ਇੰਡੀਆ ਪ੍ਰਾਈਵੇਟ ਲਿਮਟਿਡ ਦੇ ਵੈਬ ਪੋਰਟਲ https://www.bankeauctions.com ਅਤੇ www.hdfcbank.com 'ਤੇ ਉਪਲਬਧ ਈ-ਨਿਲਾਮੀ ਦੀਆਂ ਵਿਸਥਾਰਿਤ ਸ਼ਰਤਾਂ ਅਤੇ ਨਿਯਮਾਂ ਨੂੰ ਚੰਗੀ ਤਰ੍ਹਾਂ ਪੜ੍ਹ ਲੈਣ।

16. ਆਨਲਾਈਨ ਬੋਲੀ ਦੀ ਪ੍ਰਕਿਰਿਆ ਦੌਰਾਨ ਕੁਨੈਕਟੀਵਿਟੀ ਦੇ ਸਬੰਧ ਵਿਚ ਕੋਈ ਵੀ ਮਸਲਾ ਇਕੱਲੇ ਤੌਰ 'ਤੇ ਬੋਲੀਕਾਰ ਦੀ ਜ਼ਿੰਮੇਵਾਰੀ ਹੋਵੇਗੀ ਅਤੇ ਇਸ ਸਬੰਧ ਵਿਚ ਕੋਈ ਦਾਅਵਾ ਵਿਚਾਰਿਆ ਨਹੀਂ ਜਾਵੇਗਾ। ਕਿਉਂਕਿ ਬੋਲੀਕਾਰ www.bankeauctions.com 'ਤੇ ਆਪਣੇ ਨਾਂ ਦਾ ਪੰਜੀਕਰਨ ਕਰਵਾ ਲੈਣ ਅਤੇ ਮੁਫਤ ਵਿਚ ਯੂਜ਼ਰ-ਆਈਡੀ ਅਤੇ ਪਾਸਵਰਡ ਹਾਸਲ ਕਰ ਲੈਣ। ਬੋਲੀਕਾਰ ਜਿਨ੍ਹਾਂ ਕੋਲ ਪੈਨ ਦੀ ਪੂਰਨ ਤਸਦੀਕ ਉਪਰੰਤ ਇਸ ਨਿਲਾਮੀ ਦੇ ਲਈ ਸੀ-1 ਇੰਡੀਆ ਪ੍ਰਾਈਵੇਟ ਲਿਮਟਿਡ ਵਲੋਂ ਵਿਵਸਥਿਤ ਜਾਇਜ਼ ਆਈਡੀ ਅਤੇ ਪਾਸਵਰਡ ਹੈ, ਉਨ੍ਹਾਂ ਨੂੰ ਉਕਤ ਪੋਰਟਲ 'ਤੇ ਆਨਲਾਈਨ ਈ-ਨਿਲਾਮੀ ਵਿਚ ਭਾਗ ਲੈਣ ਦੀ ਆਗਿਆ ਹੈ।

17. ਆਖਰੀ ਪਲਾਂ ਵਿਚ ਬੋਲੀ ਦੇਣ ਤੋਂ ਬੋਲੀਕਾਰਾਂ ਨੂੰ ਆਪਣੇ ਹਿੱਤ ਵਿਚ ਬਚਣਾ ਚਾਹੀਦਾ ਹੈ ਕਿਉਂਕਿ ਜੋ ਨਾ ਤਾਂ ਐਚਡੀਐਫਸੀ ਬੈਂਕ ਲਿਮਟਿਡ ਨਾ ਹੀ ਸਰਵਿਸ ਪ੍ਰੋਵਾਈਡਰ ਕਿਸੇ ਖਾਮੀ/ਅਸਫਲਤਾ (ਇੰਟਰਨੈੱਟ ਅਸਫਲਤਾ/ ਬਿਜਲੀ ਅਸਫਲਤਾ ਆਦਿ) ਦੇ ਲਈ ਜਵਾਬਦੇਹ ਹੋਣਗੇ। ਅਜਿਹੀਆਂ ਅਚਨਚੇਤੀ ਸਥਿਤੀਆਂ ਤੋਂ ਬਚਣ ਦੇ ਸਬੰਧ ਵਿਚ ਬੋਲੀਕਾਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਬਾਧਕ ਸਪਲਾਈ ਬੈਕ-ਅਪ ਆਦਿ ਵਰਗੇ ਸਾਰੇ ਲੋੜੀਂਦੇ ਪ੍ਰਬੰਧ/ਵਿਕਲਪ ਤਿਆਰ ਰੱਖਣ ਤਾਂ ਜੋ ਉਹ ਅਜਿਹੀ ਸਥਿਤੀ ਨਾਲ ਨਜਿੱਠਣ ਦੇ ਕਾਬਲ ਹੋਣ ਅਤੇ ਸਫਲਤਾ ਪੂਰਵਕ ਨਿਲਾਮੀ ਵਿਚ ਭਾਗ ਲੈਣ ਦੇ ਸਮਰਥ ਹੋਣ।

18. ਬੈਂਕ ਵਲੋਂ ਵਿਕਰੀ ਦੀ ਪੁਸ਼ਟੀ ਹੋਣ 'ਤੇ ਅਤੇ ਜੇਕਰ ਭੁਗਤਾਨ ਦੀਆਂ ਸ਼ਰਤਾਂ ਦਾ ਅਨੁਪਾਲਣ ਕੀਤਾ ਜਾਂਦਾ ਹੈ ਤਾਂ ਵਿਕਰੀ ਦੀਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਅਧਿਕਾਰਤ ਅਧਿਕਾਰੀ ਸੁਰੱਖਿਆ ਵਿਆਜ (ਅਧਿਕਾਰਤਾ) ਨਿਯਮਾਵਲੀ, 2002 ਦੀ ਅੰਤਿਕਾ 5 ਵਿਚ ਦਿੱਤੇ ਫਾਰਮ ਵਿਚ ਖਰੀਦਦਾਰ (ਾਂ) ਦੇ ਪੱਖ ਵਿਚ ਅਚਲ ਸੰਪਤੀ ਦੇ ਲਈ ਵਿਕਰੀ ਪ੍ਰਮਾਣ ਪੱਤਰ ਜਾਰੀ ਕਰੇਗਾ। ਵਿਕਰੀ ਪ੍ਰਮਾਣ ਪੱਤਰ ਕੇਵਲ ਖਰੀਦਦਾਰ (ਾਂ)/ਬਿਨੈਕਾਰ (ਾਂ) ਦੇ ਨਾਂ 'ਤੇ ਹੀ ਜਾਰੀ ਕੀਤਾ ਜਾਵੇਗਾ ਅਤੇ ਕਿਸੇ ਹੋਰ ਦੇ ਨਾਂ (ਵਾਂ) 'ਤੇ ਜਾਰੀ ਨਹੀਂ ਕੀਤਾ ਜਾਵੇਗਾ।

19. ਨਿਲਾਮੀ ਖਰੀਦਦਾਰ/ਸਫਲ ਬੋਲੀਕਾਰ ਨੂੰ ਸੰਪਤੀ ਦੇ ਮਾਲਕ ਦੇ ਨਾਮ 'ਤੇ ਟੀਡੀਐਸ ਵਜੋਂ ਵਿਕਰੀ ਕੀਮਤ ਦਾ 1% ਕਟਾਉਣਾ ਹੋਵੇਗਾ ਅਤੇ ਆਮਦਨ ਕਰ ਕਾਨੂੰਨ ਦੀ ਧਾਰਾ 194 ਆਈਏ ਦੇ ਅਨੁਸਾਰ ਆਮਦਨ ਕਰ ਵਿਭਾਗ ਤੋਂ ਕਟਾਉਣਾ ਹੋਵੇਗਾ ਅਤੇ ਵਿਕਰੀ ਕੀਮਤ ਦਾ ਕੇਵਲ 99% ਬੈਂਕ ਨੂੰ ਦੇਣਾ ਹੋਵੇਗਾ। ਵਿਕਰੀ ਪ੍ਰਮਾਣ ਪੱਤਰ ਟੀਡੀਐਸ ਕਟੌਤੀ ਦੇ ਲਈ ਕੇਵਲ ਫਾਰਮ 26 ਕਿਊਬੀ ਅਤੇ ਚਲਾਨ ਦੀ ਪ੍ਰਾਪਤੀ 'ਤੇ ਹੀ ਜਾਰੀ ਕੀਤਾ ਜਾਵੇਗਾ।

20. ਖਰੀਦਦਾਰ ਨੂੰ ਲਾਗੂ ਸਟੈਂਪ ਡਿਊਟੀ/ਵਾਧੂ ਸਟੈਂਪ ਡਿਊਟੀ/ਤਬਾਦਲਾ ਖਰਚੇ, ਫੀਸਾਂ ਆਦਿ ਅਤੇ ਸਾਰੇ ਵਿਧਾਨਿਕ/ ਗੈਰ-ਵਿਧਾਨਿਕ ਬਕਾਏ, ਟੈਕਸ, ਦਰਾਂ, ਮੁਲਾਂਕਣ ਖਰਚੇ, ਫੀਸਾਂ ਕਿਸੇ ਵੱਲ ਵੀ ਬਕਾਇਆ ਹੋਣ, ਸਹਿਣ ਕਰਨੇ ਹੋਣਗੇ।

21. ਬੈਂਕ ਵੱਲੋਂ ਵਿਕਰੀ ਪ੍ਰਮਾਣ ਪੱਤਰ ਜਾਰੀ ਕਰਨ 'ਤੇ ਵਿਕਰੀ ਮੁਕੰਮਲ ਹੋਵੇਗੀ ਅਤੇ ਬੈਂਕ ਵੱਲੋਂ ਕੋਈ ਦਾਅਵੇ ਵਿਚਾਰੇ ਨਹੀਂ ਜਾਣਗੇ।

22. ਇਸ ਸੂਚਨਾ ਵਿਚ ਕੁਝ ਵੀ ਸੰਪੱਤੀ ਦੀ ਵਿਕਰੀ ਲਈ ਬੈਂਕ ਵੱਲੋਂ ਕਿਸੇ ਵਚਨਬੱਧਤਾ ਜਾਂ ਪ੍ਰਤੀਨਿਧਤਾ ਨੂੰ ਨਹੀਂ ਦਰਸਾਉਂਦਾ ਜਾਂ ਨਹੀਂ ਦਰਸਾਵੇਗਾ। ਬੈਂਕ ਕੋਲ ਕਿਸੇ ਵੀ ਕਾਰਨ ਕਰਕੇ ਜਿਸ ਨੂੰ ਉਹ ਸਹੀ ਸਮਝੇ ਜਾਂ ਇਥੋਂ ਤੱਕ ਕਿ ਬਿਨਾਂ ਕੋਈ ਕਾਰਨ ਦੱਸੇ ਵਿਕਰੀ ਨੂੰ ਰੱਦ ਕਰਨ ਦਾ ਹੱਕ ਰਾਖਵਾਂ ਹੈ ਅਤੇ ਅਜਿਹੇ ਰੱਦੀਕਰਨ 'ਤੇ ਬੋਲੀਕਾਰਾਂ ਵੱਲੋਂ ਸਵਾਲ ਨਹੀਂ ਕੀਤਾ ਜਾਵੇਗਾ।

<u>ਸੰਪੱਤੀ ਦੀ ਸੂਚੀ :</u>

ਡੀ-146, ਇੰਡਸਟ੍ਰੀਅਲ ਫੋਕਲ ਪੁਆਇੰਟ, ਫੇਜ਼-7 ਮੁਹਾਲੀ (ਪੰਜਾਬ), ਮਾਪ 2500 ਵਰਗ ਗਜ਼

ਮਿਤੀ : 22 ਦਸੰਬਰ, 2016

ਸਥਾਨ : ਦਿੱਲੀ

ਸਹੀ/ ਅਧਿਕਾਰਤ ਅਧਿਕਾਰੀ
ਸੰਜੇ ਸ਼ਰਮਾ
ਐਚਡੀਐਫਸੀ ਬੈਂਕ ਲਿਮਟਿਡ